**ਪੰਜਾਬ ਸਕੂਲ ਸਿੱਖਿਆ ਬੋਰਡ**
**ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062**
**(ਕਾਰਜ਼ ਸੰਚਾਲਨ)**

**ਨੰ:ਪਸਸਬ-ਸ.ਸ-ਕਸ-2026/...44**

**ਮਿਤੀ:** 01-06-2026

ਵੱਲ:

1. ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿੱ)
2. ਸਮੂਹ ਕੇਂਦਰ ਕੰਟਰੋਲਰਜ਼,
3. ਸਮੂਹ ਕੇਂਦਰ ਸੁਪਰਡੰਟ।

**ਵਿਸ਼ਾ: ਅੱਠਵੀਂ ਸ਼੍ਰੇਣੀ ਦੀ ਅਨੁਪੂਰਕ(ਰੀ-ਅਪੀਅਰ) ਪ੍ਰਯੋਗੀ ਪ੍ਰੀਖਿਆ ਜੂਨ 2026 ਲਈ ਪ੍ਰੀਖਿਆਵਾਂ ਦੇ ਸੰਚਾਲਨ ਸਬੰਧੀ।**

.................................................................................................................................

**ਵਿਸ਼ੇ ਅਧੀਨ ਲਿਖਤੀ ਅਤੇ ਪ੍ਰਯੋਗੀ ਪ੍ਰੀਖਿਆਵਾਂ ਮਿਤੀ 02-06-2026 ਤੋਂ ਮਿਤੀ 11-06-2026 ਤੱਕ ਕਰਵਾਈਆਂ ਜਾ ਰਹੀਆਂ ਹਨ। ਪ੍ਰਯੋਗੀ ਪ੍ਰੀਖਿਆਵਾਂ ਦੇ ਸੰਚਾਲਨ ਲਈ ਸਮੂਹ ਡੀ.ਈ.ਓਜ (ਸੈ.ਸਿੱ), ਕੇਂਦਰ ਕੰਟਰੋਲਰਜ਼ ਅਤੇ ਕੇਂਦਰ ਸੁਪਰਡੰਟ ਲਈ ਹਦਾਇਤਾਂ ਹੇਠ ਅਨੁਸਾਰ ਹਨ:-**

1. ਅੱਠਵੀਂ ਸ਼੍ਰੇਣੀ ਦੀ ਪ੍ਰਯੋਗੀ ਪ੍ਰੀਖਿਆ ਵਾਲੇ ਪ੍ਰੀਖਿਆਰਥੀਆਂ, ਦੇ ਸਬੰਧਤ ਵਿਸ਼ਿਆਂ ਦੀ ਪ੍ਰਯੋਗੀ ਪ੍ਰੀਖਿਆ ਵੀ ਉਹਨਾਂ ਦੇ ਲਿਖਤੀ ਪ੍ਰੀਖਿਆ ਵਾਲੇ ਕੇਂਦਰ ਵਿਖੇ ਹੀ ਲਿਖਤੀ ਪ੍ਰੀਖਿਆ ਤੋਂ ਤੁਰੰਤ ਬਾਅਦ ਕਰਵਾਈ ਜਾਵੇਗੀ।
2. ਬੋਰਡ ਦਫਤਰ ਵੱਲੋਂ ਕਿਸੇ ਵੀ ਪ੍ਰਯੋਗੀ ਵਿਸ਼ੇ ਦੇ ਪ੍ਰਸ਼ਨ-ਪੱਤਰ ਨਹੀਂ ਭੇਜੇ ਜਾ ਰਹੇ। ਪ੍ਰਯੋਗੀ ਪ੍ਰੀਖਿਆ ਸਕੂਲ (ਲਿਖਤੀ ਪ੍ਰੀਖਿਆ ਕੇਂਦਰ) ਪੱਧਰ ਤੇ ਸਬੰਧਤ ਵਿਸ਼ੇ ਦੇ ਅਧਿਆਪਕ ਵੱਲੋਂ ਹੀ ਪ੍ਰਸ਼ਨ ਪੱਤਰ ਤਿਆਰ ਕਰਕੇ ਕਰਵਾਈ ਜਾਵੇਗੀ।
3. ਕੇਂਦਰ ਸੁਪਰਡੰਟ ਪ੍ਰਯੋਗੀ ਪ੍ਰੀਖਿਆ ਦੇਣ ਲਈ ਸਾਰੇ ਪ੍ਰੀਖਿਆਰਥੀਆਂ ਨੂੰ ਪ੍ਰਯੋਗੀ ਪ੍ਰੀਖਿਆ ਦੀਆਂ ਮਿਤੀਆਂ ਸਬੰਧੀ ਨੋਟ ਕਰਵਾਉਣਗੇ, ਕਿ ਲਿਖਤੀ ਪ੍ਰੀਖਿਆ ਦੀ ਮਿਤੀ ਨੂੰ ਹੀ ਪ੍ਰਯੋਗੀ ਪ੍ਰੀਖਿਆ ਹੋਵੇਗੀ ਤਾਂ ਜੋ ਕੋਈ ਵੀ ਪ੍ਰੀਖਿਆਰਥੀ ਪ੍ਰੀਖਿਆ ਦੇਣ ਤੋਂ ਵਾਂਝਾ ਨਾ ਰਹਿ ਜਾਵੇ।
4. ਪ੍ਰਯੋਗੀ ਵਿਸ਼ਿਆਂ ਦੀਆਂ ਹੱਲ ਹੋਈਆਂ ਉੱਤਰ ਪੱਤਰੀਆਂ ਕੇਂਦਰ ਕੰਟਰੋਲਰ ਆਪਣੇ ਅਧਿਕਾਰ ਖੇਤਰ ਵਿੱਚ ਰੱਖਣਗੇ, ਤਾਂ ਜੋ ਲੋੜ ਪੈਣ ਤੇ ਸਬੰਧਤ ਵਿਸ਼ੇ ਦੇ ਪ੍ਰੀਖਿਆਰਥੀ ਨੂੰ ਦਿੱਤੇ ਗਏ ਅੰਕਾਂ ਦੀ ਕਿਸੇ ਸਮੇਂ ਵੀ ਪੜਤਾਲ ਕੀਤੀ ਜਾ ਸਕੇ।
5. ਪ੍ਰਯੋਗੀ ਪ੍ਰੀਖਿਆ ਦੀ ਸਮਾਪਤੀ ਹੋਣ ਦੀ ਮਿਤੀ ਤੋਂ 02 ਦਿਨਾਂ ਦੇ ਅੰਦਰ ਅੰਦਰ ਪ੍ਰਯੋਗੀ ਵਿਸ਼ੇ ਦੀ ਪ੍ਰੀਖਿਆ ਦੇ ਅੰਕ ਪੋਰਟਲ(ਐਪ) ਰਾਹੀਂ ਆਨ-ਲਾਈਨ ਅਪਲੋਡ ਕੀਤੇ ਜਾਣ।

1/6/26

ਸਹਾਇਕ ਸਕੱਤਰ (ਕੰਡਕਟ ਸ਼ਾਖਾ)
ਪੰਜਾਬ ਸਕੂਲ ਸਿੱਖਿਆ ਬੋਰਡ

Scanned with CamScanner